# ਅੱਖਰ

ਜਨਵਰੀ-ਫਰਵਰੀ-ਮਾਰਚ 2023



# ਸੰਪਾਦਕੀ ਮੰਡਲ


ਸਰਪ੍ਰਸਤ ਤੇ ਵਿਦੇਸ ਸੰਪਾਦਕ
ਡਾ. ਕਰਨੈਲ ਸਿੰਘ ਸ਼ੇਰਗਿੱਲ
0044 07803 142642
shergillkarnail@gmail.com

ਨਿਗਰਾਨ ਤੇ ਵਿਦੇਸ ਸੰਪਾਦਕ
ਪਰਮਿੰਦਰ ਸੋਢੀ
0081-905-96-8670
sodhiparminder@gmail.com

ਸਰਪ੍ਰਸਤ
ਡਾ. ਵਿਕਰਮਜੀਤ
98152-65620

ਮੁੱਖ ਸੰਪਾਦਕ
ਵਿਸ਼ਾਲ
99884-23237
vishalnewseditor@gmail.com

ਦਲਵੀਰ ਕੌਰ ਯੂ.ਕੇ. ਵਿਸ਼ੇਸ਼ ਰਚਨਾਤਮਕ ਸਹਿਯੋਗ

ਸਲਾਹਕਾਰ
ਪ੍ਰੇਮ ਮਾਨ (ਅਮਰੀਕਾ)

ਪ੍ਰਬੰਧਕੀ ਸੰਪਾਦਕ
ਡਾ. ਹਰਪ੍ਰੀਤ ਗਿੱਲ (ਅਮਰੀਕਾ)
ਅਜਮੇਰ ਸਿੱਧੂ

ਸੰਪਾਦਕੀ ਬੋਰਡ
ਪ੍ਰੋ. ਬਖ਼ਤਾਵਰ ਧਾਲੀਵਾਲ
ਡਾ. ਸੰਦੀਪ ਮਨਨ
ਤਰਲੋਚਨ
ਸ਼ੇਖਰ

ਵਿਦੇਸ ਸੰਪਾਦਕ
ਮੇਜਰ ਭੁਪਿੰਦਰ ਦਲੇਰ (ਯੂ.ਐੱਸ.ਏ)

ਵਿਸ਼ੇਸ਼ ਸਹਿਯੋਗ
ਕਰਨਲ ਕੰਵਲਜੀਤ ਸਿੰਘ
ਬਲਵਿੰਦਰ ਸੰਧਾ
ਕੰਵਲਜੀਤ ਫਰੀਡਮ

ਰਚਨਾਤਮਕ ਸਹਿਯੋਗ
ਮਲਵਿੰਦਰ, ਕੰਵਲਜੀਤ ਭੁੱਲਰ




ਬਾਨੀ ਸੰਪਾਦਕ
**ਪ੍ਰਮਿੰਦਰਜੀਤ**

**ਜ਼ਰੂਰੀ ਸੂਚਨਾ**

- 'ਅੱਖਰ' ਵਿਚ ਛਪੀ ਕਿਸੇ ਵੀ ਰਚਨਾ ਜਾਂ ਇਸ਼ਤਿਹਾਰ ਸਬੰਧੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸੰਪਾਦਕੀ ਬੋਰਡ ਦਾ ਕਿਸੇ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਪਾਠਕ ਖ਼ੁਦ ਹੀ ਵਾਚਣ।
- ਸਭ ਹੱਕ ਸੰਪਾਦਕ ਦੇ ਰਾਖਵੇਂ ਹਨ।
- ਕਾਨੂੰਨੀ ਕਾਰਵਾਈ ਅੰਮ੍ਰਿਤਸਰ ਵਿਖੇ ਹੀ ਹੋਵੇਗੀ


**ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਡਾਕ ਪਤਾ**
ਵਿਸ਼ਾਲ, ਪਿੰਡ ਤੇ ਡਾਕ ਘਰ ਬਿਆਸ, ਜ਼ਿਲ੍ਹਾ ਅੰਮ੍ਰਿਤਸਰ-143201
ਡਾ. ਵਿਕਰਮਜੀਤ, 201, ਬਸੰਤ ਐਵੀਨਿਊ, ਅੰਮ੍ਰਿਤਸਰ-143001
ਬਖਤੌਰ ਧਾਲੀਵਾਲ, 38, ਪਿੰਡ ਉਮਰਾਨੰਗਲ ਡਾਕ. ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ-143202

**ਮਾਇਕ ਸਹਿਯੋਗ ਭੇਜਣ ਲਈ**
**Dr. Vikramjit Singh,Vishal Arora**
**ਅਕਾਊਂਟ ਨੰਬਰ** 50356933315 **IFS Code : IDIB000B704**
**INDIAN BANK BEAS BRANCH**

**ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ** : ਵਿਸ਼ਾਲ ਗ੍ਰਾਫਿਕਸ
**ਪ੍ਰਿੰਟਰਜ਼** : ਪ੍ਰਿੰਟਵੈੱਲ, ਅਮ੍ਰਿਤਸਰ, **ਪ੍ਰਕਾਸ਼ਕ** : ਵਿਸ਼ਾਲ, ਬਿਆਸ, ਅੰਮ੍ਰਿਤਸਰ

**ਮੁੱਲ : 140 ਰੁਪਏ**
**ਦੋ ਸਾਲਾਂ ਦਾ ਚੰਦਾ:1000 ਰੁਪਏ**
**ਯੂ.ਕੇ. ਲਈ ਚੰਦਾ: 50 ਪੌਂਡ**
**ਅਮਰੀਕਾ ਤੇ ਕੈਨੇਡਾ:100 ਡਾਲਰ**

# ਅੱਖਰ

ਜਨਵਰੀ-ਫਰਵਰੀ-ਮਾਰਚ 2023

## ਅੰਦਰ ਪੜ੍ਹੋ


* ਸੰਪਾਦਕੀ / ਵਿਸ਼ਾਲ 3
* ਸੰਪਾਦਕ ਦੇ ਕਮਰੇ ਦੇ ਬਾਹਰ ਸੰਨਾਟਾ ਹੈ ..... / ਦੀਪ ਜਗਦੀਪ ਸਿੰਘ 7
* ਕਵਿਤਾਵਾਂ/ ਦੇਵ 10
* ਕਵਿਤਾਵਾਂ/ਮਨਮੋਹਨ 12
* ਸੱਤ ਕਵਿਤਾਵਾਂ / ਜਸਵੰਤ ਜ਼ਫ਼ਰ 15
* ਇਕ ਨੇਪਾਲੀ ਘਰ ਦੇ ਧੁਰ ਅੰਦਰਲੇ ਕੋਨੇ ਵਿਚ ਹੋਈ ਬੈਠਕ 17
* ਟੱਪ-ਕਣੀਆਂ (pop-ups) / ਦਲਵੀਰ ਕੌਰ ਯੂ.ਕੇ. 22
* ਮੱਖੀ / ਕੈਥਰੀਨ ਮੈਂਸਫੀਲਡ / ਅਨੁਵਾਦ : ਜੰਗ ਬਹਾਦੁਰ ਗੋਇਲ 23
* ਨਗੰਦੇ / ਸਿਮਰਨ ਧਾਲੀਵਾਲ 27
* ਦਰਸ਼ਨ ਦਰਵੇਸ਼ ਦੇ ਅਮਰਜੀਤ ਕੌਂਕੇ ਨੂੰ 101 ਸਵਾਲ 39
* ਢੱਕ ਦਾ ਜੰਗਲ / ਸਿੱਦੀਕ ਆਲਮ (ਉਰਦੂ) / ਅਨੁਵਾਦ : ਜੈਨਿੰਦਰ ਚੌਹਾਨ 46
* ਕਵਿਤਾਵਾਂ / ਸ਼ੇਖਰ 54
* ਕਵਿਤਾਵਾਂ / ਸਤਬੀਰ 56
* ਕਵਿਤਾਵਾਂ / ਹਰਜਿੰਦਰ 58
* ਕਵਿਤਾਵਾਂ/ਅਰਸ਼ ਬਿੰਦੂ 60
* ਮਿੱਟੀ ਵਿਚ ਸਾਹ ਲੈਂਦਾ ਲਾਲ ਸਿਤਾਰਾ – ਮਿਲਿੰਦ ਤੇਲਤੁੰਬੜ / ਅਜੇ ਤਨਵੀਰ 62
* ਰੁਬਾਈਆਂ / ਡਾ. ਧੁੱਗਾ ਗੁਰਪ੍ਰੀਤ 65
* ਕਵਿਤਾ ਸਲੀਬ / ਗੁਲਜ਼ਾਰ / ਅਨੁਵਾਦ : ਸਤਪਾਲ ਭੀਖੀ 66
* ਪੰਜਾਬ ਦੀ ਚਿੱਠੀ / ਕੀਰਤੀ ਨਰਾਇਣ ਮਿਸ਼ਰ / ਅਨੁਵਾਦ : ਤਰਸੇਮ 68
* ਕਵੀ ਮਨ ਦਾ ਚਿੰਤਨ / ਪਰਮਿੰਦਰ ਸੋਢੀ 69
* ਮੁਲਾਕਾਤ- ਅਜਮੇਰ ਸਿੱਧੂ / ਮੁਲਾਕਾਤੀ ਕੇਵਲ ਰਾਮ ਨਵਾਂਸ਼ਹਿਰ 72
* ਸਾਹਿਤ ਦੇ 'ਚਵਲ਼' / ਬੁੱਧ ਸਿੰਘ ਨੀਲ 80
* ਹਿੰਦੀ ਕਹਾਣੀ - ਸਮਰਪਤ / ਸ਼ੇਖਰ ਜੋਸ਼ੀ / ਅਨੁਵਾਦ : ਭਗਵੰਤ ਰਸੂਲਪੁਰੀ 82
* ਕਹਾਣੀ – ਭੁਲੱਕੜ / ਬਲਦੇਵ ਸਿੰਘ ਭਾਕਰ 88
* ਡਾਇਰੀ ਦਾ ਪੰਨਾ / ਅਰਸ਼ ਬਿੰਦੂ 92
* ਬੱਕਲ ਮਾਈ ਸ਼ੂਅ / ਜਸਵਿੰਦਰ ਧਰਮਕੋਟ 93
* ਕਵਿਤਾਵਾਂ/ਬਲਵਿੰਦਰ ਸਿੰਘ ਸੰਧੂ 98
* ਵਿਸ਼ਵ ਕਵਿਤਾ / ਅਨੁਵਾਦ : ਈਸਾ ਨਾਰੰਗ 101
* ਕਵਿਤਾਵਾਂ / ਦੀਪ ਇੰਦਰ 106
* ਮਾਂ / ਕਵਿਤਾਵਾਂ / ਡਾ. ਜਸਲੀਨ 107
* ਕਵਿਤਾਵਾਂ / ਸੁਖਵਿੰਦਰ ਛੀਨਾ 108
* ਕਵਿਤਾਵਾਂ / ਡਾ. ਜਸਪ੍ਰੀਤ ਕੌਰ ਫ਼ਲਕ 110
* ਇਰਾਕੀ ਕਵਿਤਾਵਾਂ / ਅਨੁਵਾਦ - ਸੁਸ਼ੀਲ ਦੁਸਾਂਝ 112
* ਕਵਿਤਾਵਾਂ / ਸਿਮ੍ਰਿਤੀ 114
* ਕਵਿਤਾਵਾਂ / ਸੰਦੀਪ 115
* ਕਵਿਤਾਵਾਂ / ਨਵਦੀਪ ਸਿੰਘ ਮੁੰਡੀ 116
* –ਗਜ਼ਲਾਂ / ਜਸਪਾਲ ਧਾਮੀ 117
* ਬੁੱਕ ਸੈਲਫ਼ 'ਚੋਂ 118
* ਗਜ਼ਲਾਂ / ਹਰਦਮ ਮਾਨ 121
* ਗਜ਼ਲਾਂ / ਧਾਮੀ ਗਿੱਲ 122
* ਕਹਾਣੀ - ਫੁਲ ਸਰਵਿਸ / ਚਰਨਜੀਤ ਸਿੰਘ ਮਿਨਹਾਸ 123
* ਪੁਸਤਕ ਸਮੀਖਿਆ 129

**ਸੰਪਾਦਕੀ ਨੋਟ**

# ਬੀਤੇ ਵਰ੍ਹੇ ਦਾ ਪੁੱਠਾ ਲਟਕਦਾ ਕੈਲੰਡਰ



**ਵਿਸ਼ਾਲ**

ਬੀਤਿਆ ਵਰ੍ਹਾ ਨਵੇਂ ਸਾਲ ਦੀਆਂ ਬਰੂਹਾਂ ’ਤੇ ਖੜਾ ਸਿਸਕ ਰਿਹਾ ਹੈ। ਦਿਨਾਂ-ਮਹੀਨਿਆਂ ਦੇ ਪਿੰਡਿਆਂ ’ਤੇ ਨੀਲ ਪਏ ਹੋਏ ਨੇ; ਹੱਥਾਂ, ਪੈਰਾਂ ਤੇ ਅੱਖਾਂ ’ਚੋਂ ਪੀਕ ਵੱਗ ਰਹੀ ਹੈ। ਨਵੇਂ ਸਾਲ ਦਾ ਕੈਲੰਡਰ ਸਹਿਮਿਆ ਹੋਇਆ ਕੰਧ ’ਚ ਆਪਣੇ ਆਪ ਨੂੰ ਛੁਪਾਅ ਰਿਹਾ ਹੈ। ਬੀਤੇ ਵਰ੍ਹੇ ਦੇ ਜ਼ਖ਼ਮ ਨਵੇਂ ਵਰ੍ਹੇ ਦੀਆਂ ਤਾਰੀਖ਼ਾਂ ’ਚ ਚਮਗਿੱਦੜਾਂ ਵਾਂਗ ਪੁੱਠੇ ਲਟਕੇ ਹੋਏ ਹਨ। ਬੰਦੇ ਤੇ ਨਵੇਂ ਸਾਲ ਵਿਚਕਾਰ ਇਕ ਖੜਾਕ ਪਿਆ ਹੈ ਜਿੱਥੇ ਖੁਸ਼ਆਮਦੀਦ ਲਈ ਸਪੇਸ ਨਹੀਂ ਹੈ। ਬੰਦਾ ਏਨੀ ਤੇਜ਼ੀ ਨਾਲ ਘੁੰਮ ਰਿਹਾ ਹੈ ਕਿ ਧਰਤੀ ਆਪਣੇ ਪੈਰਾਂ ਤੋਂ ਉੱਖੜ ਗਈ ਹੈ। ਵਰ੍ਹਾ-ਏਨੀਆਂ ਕਬਰਾਂ ਆਪਣੀ ਛਾਤੀ ਵਿਚ ਕਿੱਥੇ ਦੱਬੇ ? ਖ਼ੁਦਾਇਐ..ਤਮੀਜ਼ ਕਿੱਥੇ ਗਈ ਹੈ ? ਤੇਰਾ ਬੰਦਾ ਏਨਾ ਬੇਰਹਿਮ ਕਿਉਂ ਹੋ ਗਿਆ ! ਤੇਰੇ ਬੰਦਿਆਂ ’ਚ ਇਹ ਕੇਹੀ ਤਕਸੀਮ ਹੈ ਕਿ ਤੇਰਾ ਬੰਦਾ ਹੀ ਆਪਣੀ ਆਖ਼ਰੀ ਖ਼ਾਹਿਸ਼ ਦੱਸਣ ਲਈ ਤਰਲੋਮੱਛੀ ਹੋ ਰਿਹਾ ਹੈ। ਸਾਡੀ ਜ਼ਮੀਨ ਕਿੱਥੇ ਹੈ ? ਹਰ ਬੰਦਾ ਪਾਗਲਖ਼ਾਨੇ ਤੋਂ ਆਇਆ ਲੱਗਦਾ ਹੈ। ਇਸ ਦਾ ਤਰਜਮਾ ਕੌਣ ਕਰੇਗਾ ਕਿ ਚੌਂਕ ’ਚ ਖਲੋਤਾ ਹਰ ਬੰਦਾ ਖੌਫਜ਼ਦਾ ਹੈ।

ਬੀਤੇ ਵਰ੍ਹੇ ’ਚ ਰਾਤ ਟਹਿਲਣਾ ਭੁੱਲ ਗਈ ਸੀ.... ਬੰਦਾ ਗੱਲ ਕਰਨੀ ਭੁੱਲ ਗਿਆ...ਸਦੀ ਦੇ ਹੱਥ ਕੰਬ ਰਹੇ ਹਨ... ਬੰਦੇ ਦੀ ਜ਼ੁਬਾਨ.... ਵਕਤ ਨੂੰ ਦੌਰਾ ਪਿਆ ਰਿਹਾ... ਰਸਤੇ ਜਾਹਿਲ ਹੋ ਗਏ....ਰਾਹਗੀਰ ਦੀ ਮੌਤ ਲਾਜ਼ਮੀ ਸੀ। ਸੜਦੇ ਹੋਏ ਸੁਆਲਾਂ ਦਾ ਨਾ ਨਵੇਂ ਵਰ੍ਹੇ ਕੋਲ ਜੁਆਬ ਹੈ ਨਾ ਇਤਿਹਾਸ ਕੋਲ। ਰੱਬ ਜੀ ਸਾਡੇ ਪੈਰਾਂ ਹੇਠੋਂ ਜ਼ਮੀਨ ਚੁਰਾ ਕੇ ਕੌਣ ਲੈ ਗਿਆ ਹੈ ਕਿ ਅਸੀਂ ਬੇਵਤਨੇ ਹੋ ਗਏ ਹਾਂ। ਸਾਡੀਆਂ ਕੰਧਾਂ ’ਚ ਲਾਸ਼ਾਂ ਕੌਣ ਚਿਣ ਗਿਆ, ਨੀਹਾਂ ’ਚ ਬਰੂਦ ਕਿਸ ਨੇ ਰੱਖਿਆ ਸੀ। ਸਾਡੇ ਬੱਚੇ ਗਲੀਆਂ ’ਚ ਜਾਣ ਤੋਂ ਡਰਦੇ ਸਨ। ਵਕਤ ਦੇ ਮੱਥੇ ’ਤੇ ਪਈ ਤਿਊੜੀ ਦੀ ਦਾਸਤਾਨ ਲਿਖਣ ਵਾਲੇ ਪ੍ਰਧਾਨਗੀ ਮੰਡਲ ’ਚ ਬੈਠੇ ਆਪਣੀ ਛਾਤੀ ਦੇ ਖੱਬੇ ਪਾਸੇ ਫੁੱਲ ਲਵਾਉਣ ’ਚ ਮਸ਼ਰੂਫ ਰਹੇ। ਭੀੜ ਦੀਆਂ ਤਾੜੀਆਂ ਨਾਲ ਉਹਨਾਂ ਦੀ ਫਿਰੌਤੀ ਵਿਚ ਲਿਆ ਰੁਤਬਾ ਕਲਗੀ ਲਈ ਹਾੜੇ ਕੱਢਦਾ ਰਿਹਾ ਤੇ ਦੂਜੇ ਪਾਸੇ ਚੀਕਾਂ ਦੇ ਟੁੱਕੜੇ ਹੁੰਦੇ ਰਹੇ, ਕਈ ਆਪਣੇ ਸਿਰ ਸਜਾਏ ਤਾਜ ਦੀ ਹਵਾੜ ਛੱਡਦੇ ਰਾਜ ਭਵਨ ’ਚ ਦਾਖਲ ਹੋ ਗਏ ਤੇ ਭਾਸ਼ਾ ਵਿਭਾਗ ਵਲੋਂ ਲਗਾਏ ਜਾਂਦੇ ਕੈਂਪਸ ਡੰਡੌਤੀ ਪਿੱਟਣ ਵਾਲੇ ਕਵੀਆਂ ਲਈ ਸਨਮਾਨ ਪੱਤਰ ਹੀ ਕਾਫ਼ੀ ਸੀ ਅਜਿਹੇ ਕਵੀ ਸਾਹ ਘੁੱਟ ਕੇ ਜਿਊਣ ਦੇ ਆਦੀ ਹਨ ਤੇ ਉਹਨਾਂ ਦਿੱਲੀ, ਪੰਜਾਬ, ਮਹਾਰਾਸ਼ਟਰ, ਕਰਨਾਟਕ ਤੇ ਕਈ ਹੋਰ ਸੂਬੇ ਆਪਣੀ ਪੂਛ ਨਾਲ ਬੰਨ੍ਹੇ ਹੋਏ ਹਨ।

ਬੀਤੇ ਵਰ੍ਹੇ ’ਚ ਸਾਡੇ ਬੁੱਧੀਜੀਵੀਆਂ ਕੋਲ ਏਨੀ ਵਿਹਲ ਨਹੀਂ ਸੀ ਕਿ ਉਹ ਬੇਬੱਸ ਤਾਰਿਆਂ ਦੀ ਗਰਮ ਰਾਖ ਜ਼ਮੀਨ ’ਤੇ ਡਿੱਗਦੀ ਵੇਖਦੇ ! ਸੜਦੇ ਹੋਏ ਕਾਗਜ਼ਾਂ ਨੂੰ ਉਹ ਕਾਨਫਰੰਸਾਂ ਵਿਚ ਪੜ੍ਹੇ ਜਾਂਦੇ ਪੇਪਰਾਂ ਨਾਲ ਢੱਕਦੇ ਰਹੇ। ਅਜਿਹੇ ਕਰਿਸ਼ਮੇ ਦਾ ਫਰੇਮ ਮਲਮੂਤਰ ਕਰਦਿਆਂ ਜਾਂ ਕਿਸੇ ਬੇਜ਼ੁਬਾਨ ਜੀਵ ਦੀਆਂ ਹੱਡੀਆਂ ਚੂਸਦਿਆਂ ਉਹ ਪਲਾਂ-ਛਿਣਾਂ ’ਚ ਹੀ ਕਰ ਲੈਂਦੇ ਹਨ। ਅਜਿਹੇ ਹਾਲਾਤਾਂ ’ਚ ਮੱਚਦੇ ਤੇ ਲਿਸ਼ਕਦੇ ਅੱਖਰ ਬੇਮਾਇਨਾ ਹੋ ਜਾਂਦੇ ਹਨ। ਮਰ ਰਿਹਾ ਵਰ੍ਹਾ ਇਹ ਸਭ ਜਿਉਂਦੀ ਅੱਖ ਨਾਲ ਵੇਖਦਾ ਰਿਹਾ ਕਿਸੇ ਵੀ ਟਿੱਪਣੀ ਤੋਂ ਬਗੈਰ। ਪ੍ਰਧਾਨਗੀ ਦੀ ਕੁਰਸੀ ਕਿਤਾਬ ਨੂੰ ਪੁੱਛਦੀ ਹੈ ਰਕਮ ਕਿੱਥੇ ਹੈ ? ਕਿਤਾਬ ਸੁੰਗੜੀ ਹੋਈ ਹੈ, ਪ੍ਰਕਾਸ਼ਕ ਦਾ ਹਾਸਾ ਭਰੇ ਗਲਾਸਾਂ ’ਚੋਂ ਡੁੱਲ੍ਹਦਾ ਹੈ। ਮਹਾਂਰਥੀਆਂ ਦੀ ਕਾਰ ਵਿਸਕੀ ਦੇ ਪੈੱਗ ਨਾਲ ਸਟਾਰਟ ਹੁੰਦੀ ਹੈ... ਕਾਰ ਦਾ ਗੇਅਰ “ਵਿਚਾਰੇ ਕਵੀ” ਦੇ ਸੰਘ ’ਚ ਅੜਿਆ ਹੋਇਆ ਹੈ। ਬੀਤਿਆ ਵਰ੍ਹਾ ਕਾਨਫਰੰਸ ਹਾਲ ਦੇ ਬਾਹਰ ਖੜਾ ਉਲਟੀਆਂ ਕਰਦਾ ਰਿਹਾ ਉਸਦੀ ਬੇਬਸੀ ਭਲਾ ਭੁਗਤਾਨ ਕੀਤੀ ਗਈ ਫਿਲਾਸਫ਼ੀ ਨਾਲ ਕਿਵੇਂ ਟੁੱਟ ਸਕਦੀ ਸੀ ?

ਸਾਡਾ ਬਹੁਤ ਹੀ ਪਿਆਰਾ ਸ਼ਾਇਰ ਮੋਹਨਜੀਤ ਲਿਖਦਾ ਹੈ-

ਚੀਲ ਦੇ ਰੁੱਖ ਨੇ<br>
ਪਾਣੀਆਂ ਦੇ ਪਿੰਡੇ ਨੇ, ਰੇਤ ਦੀ ਚਟਾਈ ਹੈ<br>
ਸੁਨਿਹਰੀ ਕਾਈ ਓਹਲੇ ਦੀਵਾ ਜਗਦਾ ਹੈ<br>
ਕਦੇ ਕਦੇ ਤੇਜ਼ ਸਾਹਾਂ ਦੀ ਆਹਟ ਸੁਣਦੀ ਹੈ<br>
ਜਾਂ ਪਰ੍ਹੇ ਕਿਤੇ ਬੰਸਰੀ ਵੱਜਦੀ ਹੈ।

ਏਥੇ ਮੋਹਨਜੀਤ ਦੂਰ ਤੱਕ ਫੈਲਿਆ ਹੋਇਆ ਹੈ। ਏਥੇ ਕਵਿਤਾ ਤੱਕ ਪਹੁੰਚਣਾ ਓਨਾ ਹੀ ਔਖਾ ਹੈ ਜਿੰਨਾ ਪੀਪਣੀਆਂ ਵਜਾਉਣੀਆਂ ਸੌਖੀਆਂ। ਏਥੇ ਪੀਪਣੀਆਂ ਵੱਜ ਰਹੀਆਂ ਹਨ, ਫੇਸਬੁੱਕ ਤੇ ਅਕਵਿਤਾ ਭੰਗੜਾ ਪਾ ਰਹੀ ਹੈ। ਮੋਹਨਜੀਤ ਉਦਾਸ ਹੈ ਉਸ ਤੋਂ ਵੀ ਵੱਧ ਮਿੰਦਰ ਵਰਗੇ ਕਵੀ ਜਿਨ੍ਹਾਂ ਦੇ ਮੋਢਿਆਂ ’ਤੇ ਕੰਬਲੀ ਸੀ, ਹੱਥ ’ਚ ਬੰਸਰੀ। ਮਿੰਦਰ ਵੇਖ ਰਿਹਾ ਹੈ ਕਿ ਲੋਈ ਤੇ ਕੰਬਲੀ ’ਚ ਕਿੰਨਾ ਫ਼ਰਕ ਹੁੰਦਾ ਹੈ, ਬੰਸਰੀ ਸੁੱਟ ਕੇ ਕਵੀ ਦੇ ਹੱਥ ਮੋਮੈਂਟੋ ਵੱਲ ਭੱਜ ਰਹੇ ਹਨ। ਬੀਤਿਆ ਵਰ੍ਹਾ ਸਾਹਿਤ ਸਭਾਵਾਂ ਦੀਆਂ ਵੋਟਾਂ ਦੇ ਵੈਂਟੀਲੇਟਰ ’ਤੇ ਪਿਆ ਦਮ ਤੋੜ ਗਿਆ ਹੈ।

ਬੀਤੇ ਵਰ੍ਹੇ ਦਾ ਵੀ ਇਹ ਸਵਾਲ ਸੀ ਉਸ ਤੋਂ ਪਹਿਲੇ ਵਰ੍ਹੇ ਦਾ ਵੀ ਤੇ ਉਸ ਤੋਂ ਕਈ ਪਹਿਲੇ ਵਰ੍ਹਿਆਂ ਦਾ ਵੀ, ਆਉਣ ਵਾਲੇ ਨਵੇਂ ਵਰ੍ਹੇ ਦਾ ਵੀ ਤੇ ਉਸ ਤੋਂ ਅਗਾਂਹ ਆਉਣ ਵਾਲੇ ਵਰ੍ਹਿਆਂ ਦਾ ਵੀ ਕਿ “ਸਾਹਿਤ ਦਾ ਮਕਸਦ ਕੀ ਹੈ ?” ਮਕਸਦ ਬਹੁਤ ਛੋਟਾ ਕਰ ਦਿੱਤਾ ਗਿਆ ਹੈ... ਇਸ ਰੁਝਾਣ ’ਚ ਕਵੀ ਵੀ ਰੁੱਝਿਆ ਹੋਇਆ ਹੈ ਤੇ ਸਾਡਾ ਆਲੋਚਕ ਵੀ, ਪਰਸਨਲ ਬਰਾਡਿੰਗ ਦਾ ਰੁਝਾਣ ਹੈ। ਨਿੱਜ ਦੀ ਬੁਲੰਦੀ ਨੂੰ ਛੂਹਣ ਦੀ ਕੋਸ਼ਿਸ਼ ਦੀ ਹਰ ਅਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੰਭ, ਫਰੇਬ, ਜੁਗਾੜ ਤੇ ਰੁਤਬਿਆਂ ਦਾ ਬੋਲਬਾਲਾ ਹੈ। ਅਦਬੀ ਸਰੋਕਾਰਾਂ ਨੂੰ ਗਰਕਦਿਆਂ ਵੇਖ ਕੇ ਬੀਤਿਆ ਵਰ੍ਹਾ ਬੇਹੱਦ ਸ਼ਰਮਿੰਦਾ ਹੈ। ਨਵੇਂ ਵਰ੍ਹੇ ’ਚ ਵੀ ਅਜਿਹੇ ਵਰਤਾਰਿਆਂ ਦੇ ਘਟਣ ਦੀ ਬਿਲਕੁੱਲ ਹੀ ਆਸ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਨਮਾਨ ਵੀ ਤਿਆਰ ਨੇ ਤੇ ਜੁੜੇ ਹੋਏ ਹੱਥ ਵੀ। ਜਿਸ ਦਿਨ ਬੁਰਸ਼ ਨਾਲ ਅੱਖਰਾਂ ਦੀ ਚਿੱਤਰਕਾਰੀ ਹੋਵੇਗੀ ਉਸ ਦਿਨ ਨਵੇਂ ਵਰ੍ਹੇ ਦਾ ਸੂਰਜ ਅਦੀਬ ਵਾਸਤੇ ਫੁੱਲ ਲੈ ਕੇ ਹਾਜ਼ਰ ਹੋਵੇਗਾ। ਜਿਸ ਤਰ੍ਹਾਂ ਪਿਛਲੇ ਵਰ੍ਹੇ ਅਮਨ ਕਾਨੂੰਨ ਭੰਗ ਹੋਇਆ ਹੈ। ਕਵਿਤਾ ਵੀ ਭੰਗ ਹੋਈ ਹੈ। ਅਦੀਬ ਵੀ ਕਿੱਥੇ ਬਚਿਆ ਹੈ ? ਜੇ ਬਚਿਆ ਹੈ ਤਾਂ ਕੁਝ ਕੁ ਬੰਦਿਆਂ ਦਾ ਠਹਾਕਾ ਜੋ ਮਿਥੀਆਂ ਕੁਰਸੀਆਂ ਦੀਆਂ ਸਿਉਂਕ ਖਾਧੀਆਂ ਲੱਤਾਂ ’ਚੋਂ ਪ੍ਰਚੰਡ ਹੁੰਦਾ ਹੈ।

ਕਵੀ ਨੂੰ ਜਦੋਂ ਇਹ ਲੱਗਣ ਲੱਗਦਾ ਹੈ ਕਿ ਸਾਰੇ ਦਰਿਆ ਮੇਰੀ ਮੁੱਠੀ ਵਿਚ ਬੰਦ ਹਨ ਤਾਂ ਉਹ ਕਵਿਤਾ ਤੋਂ ਵੱਡਾ ਹੋਣ ਦੀ ਕੋਸ਼ਿਸ਼ ਕਰਦਾ ਹੈ। ਅਸਲ ਵਿਚ ਉਸ ਵੇਲੇ ਹੀ ਉਸਦੇ ਅੰਦਰ ਸ਼ਬਦ ਦੀ ਮੌਤ ਹੋ ਰਹੀ ਹੁੰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਹ ਸੋਸ਼ਲ ਮੀਡੀਆ ’ਤੇ ਅਜੀਬ ਹਰਕਤਾਂ ਕਰਦਾ ਹੈ। ਉਸਦਾ ਅਸਲ ਕੁੱਝ ਹੋਰ ਹੁੰਦਾ ਹੈ ਤੇ ਆਪਣੇ ਆਪ ਨੂੰ ਪੇਸ਼ ਉਹ ਕਿਸੇ ਹੋਰ ਤਰ੍ਹਾਂ ਕਰ ਰਿਹਾ ਹੁੰਦਾ ਹੈ।

ਚਲੋ ਸਾਰੇ ਰਲ ਕੇ ਦੁਆ ਕਰੀਏ ਕਿ ਨਵਾਂ ਸਾਲ ਸਭ ਲਈ ਨਵੀਆਂ ਗੱਲਾਂ ਲੈ ਕੇ ਆਵੇ ਤੇ ਅਸੀਂ ਉਤਸ਼ਾਹ ਨਾਲ ਭਰ ਜਾਈਏ।

## ਸੰਪਾਦਕ ਦੇ ਕਮਰੇ ’ਚ ਬਹੁਤ ਰੌਲਾ ਹੈ

ਸੰਪਾਦਕ ਦਾ ਕਮਰਾ ਸੁੰਨਾ ਹੋਇਆ ਪਿਆ ਹੈ....ਫ਼ਰਸ਼ ’ਤੇ ਖ਼ੂਨ ਦੇ ਧੱਬੇ ਨੇ...ਲਾਸ਼ਾਂ ਦੇ ਢੇਰ ਹਨ। ਇਕ ਕੋਨੇ ’ਚ ਬਿਲਕਿਸ ਬਾਨੋ ਪੱਥਰ ਹੋਈ ਖੜੀ ਹੈ ਜਿਸ ਦੇ ਗੁਆਂਢੀ ਬਲਾਤਕਾਰੀਆਂ ਨੂੰ 15 ਅਗਸਤ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਕਿ ਇਨ੍ਹਾਂ ਦਾ ਜੇਲ੍ਹਾਂ ’ਚ ਚੰਗਾ ਵਿਵਹਾਰ ਰਿਹਾ। ਜਦੋਂ ਕਿ ਬਲਾਤਕਾਰੀਆਂ ’ਤੇ ਲੱਗੇ ਦੋਸ਼ ਵੀ ਸਾਬਿਤ ਹੋ ਚੁੱਕੇ ਸਨ ਤੇ ਉਹ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਨ। ਸਿਤਮ ਵੇਖੋ ਕਿ ਬਾਨੋ ਦੀ ਤਿੰਨ ਸਾਲਾਂ ਦੀ ਬਾਲੜੀ ਨੂੰ ਪੱਥਰ ਨਾਲ ਪਟਕ ਕੇ ਮਾਰਨ ਤੋਂ ਬਾਅਦ ਉਹਨਾਂ ਦਰਿੰਦਿਆਂ ਨੇ ਉਸ ਨਾਲ ਬਲਾਤਕਾਰ ਕੀਤਾ। ਗੁਆਂਢੀ ਬਲਾਤਕਾਰੀ ਉੱਥੇ ਹੀ ਬਾਨੋ ਦੇ ਨੇੜਲੇ ਘਰ ’ਚ ਖੁੱਲ੍ਹੇਆਮ ਘੁੰਮ ਫਿਰ ਰਹੇ ਹਨ। ਕੀ ਬਾਨੋ ਦਾ ਇਹੋ ਵਤਨ ਹੈ ? ਕਿਸ ਤਰ੍ਹਾਂ ਉਹ ਦਿਨ ਕੱਟ ਰਹੀ ਹੋਵੇਗੀ ? ਸਾਡੀਆਂ ਧੀਆਂ, ਇਸ ਦੇਸ਼ ਦੀਆਂ ਔਰਤਾਂ ਕਿਸ ਅਦਾਲਤ ਜਾ ਕੇ ਇਨਸਾਫ ਮੰਗਣ। ਇਹ ਸਾਡਾ ਮਹਾਨ ਭਾਰਤ ਹੈ। ਕਾਨੂੰਨ ਕਿੱਥੇ ਹੈ ? ਜਸਟਿਸ ਅੱਗੇ ਕਿੰਨੇ ਸੁਆਲ ਖੜ੍ਹੇ ਹਨ ?

ਕਮਰੇ ’ਚ ਪੱਥਰ ਹੋਇਆ ਗੌਤਮਨਵ ਲੱਖਾ ਛੱਤ ਨੂੰ ਘੂਰ ਰਿਹਾ ਹੈ ਜਿਸ ਨੂੰ ਭੀਮਾਕੋਰੇਗਾਓਂ ਕਾਂਡ ’ਚ ਕਈ ਵਰ੍ਹੇ ਜੇਲ੍ਹ ’ਚ ਰੱਖਿਆ ਗਿਆ ਸਿਰਫ਼ ਇਸ ਲਈ ਕਿ ਉਸਦਾ ਪਿੰਡ ਦਲਿਤਾਂ ਦਾ ਪਿੰਡ ਸੀ ਤੇ ਇਸ ਬੁੱਧੀਜੀਵੀ ਨੇ ਬਰਾਬਰਤਾ ਦੀ ਅਵਾਜ਼ ਉਠਾਈ... ਜੇਲ੍ਹ ’ਚ ਨਜ਼ਰਬੰਦ ਤੇ ਹੁਣ ਘਰ ’ਚ ਕੈਦ ਕਿ ਇਸ ਨਕਸਲੀ ਤੋਂ ਦੇਸ਼ ਨੂੰ ਖ਼ਤਰਾ ਹੈ। ਜਦੋਂ ਕਿ ਇਸ ਰੌਸ਼ਨ ਦਿਮਾਗ ਵਾਲੇ ਬੁੱਧੀਜੀਵੀ ’ਤੇ ਕੋਈ ਦੋਸ਼ ਵੀ ਸਾਬਿਤ ਨਹੀਂ ਹੋਇਆ।

ਕਮਰੇ ਦੇ ਇਕ ਪਾਸੇ ਵੱਡੀ ਸਕਰੀਨ ’ਤੇ ਕੁਝ ਵੱਡੇ ਕਵੀਆਂ ਦੇ ਚਿਹਰੇ ਵਿਖਾਈ ਦੇ ਰਹੇ ਹਨ, ਪੋਚਵੀਆਂ ਪੱਗਾਂ, ਬੁੱਧੀਜੀਵੀ ਸ਼ਤਰੰਜ ਖੇਡ ਰਹੇ ਹਨ, ਘੋੜੇ ਦੌੜਾ ਰਹੇ ਹਨ। ਕਰਾਮਾਤਾਂ ਹੋ ਰਹੀਆਂ ਹਨ। ਸਕਰੀਨ ਦੇ ਦੂਜੇ ਹਿੱਸੇ ’ਚ ਜ਼ੂਮ ’ਤੇ ਸੈਮੀਨਾਰ, ਕਵੀ ਦਰਬਾਰ, ਉਹਨਾਂ ਨੂੰ ਗੌਤਮਨਵ ਲੱਖਾ ਵਿਖਾਈ ਹੀ ਨਹੀਂ ਦੇ ਰਿਹਾ। ਹੋਣਾ ਤਾਂ ਇੰਜ ਚਾਹੀਦਾ ਹੈ ਕਿ ਜੇ ਕਿਤੇ ਸਰਕਾਰ ਕਿਸੇ ਲੇਖਕ, ਫਿਲਮਸ਼ਾਨ ਜਾਂ ਬੁੱਧ ਰੱਖਣ ਵਾਲੇ ਨੂੰ ਦਬਾਉਣ ਦੀ ਕੋਸ਼ਿਸ਼ ਕਰੇ ਤਾਂ ਪੂਰੇ ਦੇਸ਼ ਦਾ ਬੁੱਧੀਜੀਵੀ

ਇਕੱਠਾ ਹੋ ਕੇ ਜ਼ਹਾਦ ਛੇੜ ਦੇਵੇ ਪਰ ਜਿਹਨਾਂ ਮਹੀਨੇ ਦੀਆਂ ਚਾਲੀ ਪ੍ਰਧਾਨਗੀਆਂ ਕਰਨੀਆਂ ਹਨ ਉਹਨਾਂ ਨੇ ਗੌਤਮ ਤੋਂ ਕੀ ਲੈਣਾ ?

ਅਜੇ ਸਕਰੀਨ 'ਤੇ ਇਹ ਸਭ ਕੁਝ ਚੱਲ ਹੀ ਰਿਹਾ ਸੀ ਕਿ ਕਮਰੇ 'ਚ ਸ਼ੋਰ ਬਹੁਤ ਵੱਧ ਜਾਂਦਾ ਹੈ...ਪਲਾਂ ਛਿਣਾਂ 'ਚ ਹੀ ਕਮਰਾ ਕੁਰਸੀਆਂ ਤੇ ਸੋਫਿਆਂ ਨਾਲ ਭਰ ਜਾਂਦਾ ਹੈ। ਭੰਨ ਤੋੜ ਤੋਂ ਬਾਅਦ ਅੱਗ ਦੀਆਂ ਲਾਟਾਂ ਛੱਤ ਨੂੰ ਛੂੰਹਦੀਆਂ ਹਨ। ਨਿਤਨੇਮ ਕਰਨ ਵਾਲੇ ਬਜ਼ੁਰਗ ਵਾਹੋ ਵਾਹੀ ਭੱਜ ਰਹੇ ਹਨ, ਸਕਰੀਨ 'ਤੇ ਇਕ ਚਿਹਰਾ ਉਭਰਦਾ ਹੈ, ਅਸੀਂ ਇਸ ਤਰ੍ਹਾਂ ਹੀ ਕਰਾਂਗੇ। ਗੁਰੂ ਦੇ ਬਰਾਬਰ ਕੋਈ ਨਹੀਂ ਬੈਠ ਸਕਦਾ, ਸੋਧੇ ਲਾਉਣ ਦੀਆਂ ਧਮਕੀਆਂ ਗੁਰੂ ਘਰ ਉਦਾਸ ਹੈ, ਗੁਰੂ ਦੀ ਸੰਗਤ ਉਦਾਸ ਹੈ। ਗੁਰੂ ਖ਼ੁਦ ਉਦਾਸ ਹੈ। ਅਰਦਾਸ ਟੁੱਟ ਰਹੀ ਹੈ। ਮਰਯਾਦਾ ਭੰਗ ਹੋ ਰਹੀ ਹੈ। ਏਨੇ ਨੂੰ ਇਕ ਤਲਵਾਰ ਸੰਪਾਦਕ ਦੇ ਟੇਬਲ 'ਤੇ ਆ ਕੇ ਡਿੱਗਦੀ ਹੈ.... ਬਾਰੀ ਥਾਣੀਂ ਇਕ ਤ੍ਰਿਸ਼ੂਲ ਆ ਕੇ ਟੇਬਲ 'ਤੇ ਗੱਡਿਆ ਜਾਂਦਾ ਹੈ....ਸੰਖ ਸਹਿਮਿਆ ਹੋਇਆ ਹੈ ਅਜਾਨ ਉੱਖੜ ਰਹੀ ਹੈ। ਕਮਰੇ 'ਚ 1947 ਵੜ ਆਇਆ ਹੈ। 1984 ਦਰਵਾਜ਼ੇ ਦਾ ਬੂਹਾ ਖੜਕਾ ਰਿਹਾ ਹੈ। ਕਮਰਾ ਤ੍ਰਬਕ ਨਾਲ ਭਰਿਆ ਪਿਆ ਹੈ। ਸਕਰੀਨ 'ਤੇ ਖ਼ੂਨ ਦੇ ਛਿੱਟੇ ਨੇ.... ਬਹੁਤ ਰੌਲਾ ਹੈ। ਬੰਦਾ ਚੁੱਪ ਹੈ। ਏਨੀ ਜ਼ੋਰ ਦੀ ਚੀਖ ਕਿ ਸਕਰੀਨ 'ਤੇ ਸਭ ਕੁਝ ਧੁੰਦਲਾ ਹੋ ਗਿਆ ਹੈ। ਵਹੀਰਾ ਘੱਤ ਕੇ ਇਹ ਗਰਮ ਖ਼ੂਨ ਕਿਹੜਾ ਕਿਲ੍ਹਾ ਜਿੱਤਣਾ ਚਾਹੁੰਦਾ ਹੈ ? ਏਨੀ ਜ਼ੋਰ ਦੀ ਠਾਹ ਹੁੰਦੀ ਹੈ ਕਿ ਕਮਰੇ 'ਚ ਹਨੇਰਾ ਛਾਅ ਜਾਂਦਾ ਹੈ। ਕਮਰੇ ਨੂੰ ਸਾਹ ਔਖੇ ਆ ਰਹੇ ਹਨ।

ਕਮਰੇ 'ਚ ਸ਼ਰਧਾ ਵਾਲਭਾਰ ਦੇ ਸਰੀਰ ਦੇ ਅਨੇਕਾਂ ਟੁੱਕੜੇ ਖਿੱਲਰੇ ਪਏ ਹਨ ਜਿਸ ਨੂੰ ਉਸਦੇ ਪ੍ਰੇਮੀ ਆਫ਼ਤਾਬ ਨੇ ਕਤਲ ਕਰ ਦਿੱਤਾ ਸੀ। ਸਾਰੇ ਸਬੂਤ ਅਦਾਲਤ ਕੋਲ ਨੇ.... ਉਹ ਜੇਲ੍ਹ 'ਚ ਜਾਵੇਗਾ, ਉਮਰ ਕੈਦ....ਫਿਰ ਕਿਸੇ ਦਿਨ ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਕਿ ਜੇਲ੍ਹ 'ਚ ਉਸਦਾ ਵਿਵਹਾਰ ਚੰਗਾ ਸੀ....ਸ਼ਰਧਾ ਦੇ ਜਿਸਮ ਦੇ ਟੁੱਕੜੇ ਕਲਮ ਅੱਗੇ ਪਏ ਨੇ... ਸਕਰੀਨ 'ਚ ਉਹ ਸਿਸਕ ਰਹੀ ਹੈ।

ਸੰਪਾਦਕ ਦਾ ਕਮਰਾ ਕਿੰਨਾ ਕੁਝ ਵੇਖ ਰਿਹਾ ਹੈ...ਸਹਿ ਰਿਹਾ ਹੈ ਕਿਉਂਕਿ ਇਹ ਕਮਰਾ ਇਕ ਪਿੰਡ 'ਚ ਸਥਿਤ ਹੈ। ਪ੍ਰਧਾਨ ਮੰਤਰੀ ਦੇ ਕਾਤਲਾਂ ਦੀ ਰਿਹਾਈ ਕਿ ਉਹਨਾਂ ਦੀ ਸਜ਼ਾ ਪੂਰੀ ਹੋ ਗਈ ਹੈ। ਬੰਦੀ ਸਿੰਘਾਂ ਦੀ ਸਜ਼ਾ ਪੂਰੀ ਹੋਣ 'ਤੇ ਵੀ ਰਿਹਾਈ ਨਹੀਂ। ਕਿਉਂ ?..... ਕਿ ਬੰਦੀ ਸਿੰਘਾਂ ਤੋਂ ਦੇਸ਼ ਨੂੰ ਖ਼ਤਰਾ ਹੈ। ਕੌਣ ਚਾਹੁੰਦਾ ਹੈ ਕਿ ਦੇਸ਼ ਦੇ ਹਾਲਾਤ ਵਿਗੜੇ ਰਹਿਣ ?

ਕਮਰੇ 'ਚ ਅਫਗਾਨਿਸਤਾਨ ਦੇ ਕੁਝ ਕੁ ਸਿੱਖ-ਹਿੰਦੂ ਸਹਿਮੇ ਹੋਏ ਖੜੇ ਨੇ.... ਕਿਹੜੇ ਦੇਸ਼ ਨੂੰ ਉਹ ਆਪਣਾ ਕਹਿਣ ? ਇਨਸਾਨੀਅਤ ਦਾ ਘਾਣ ਹੋ ਰਿਹਾ ਹੈ। ਉਹ ਕਿੱਥੇ ਹਿਜ਼ਰਤ ਕਰਨ ? ਉਹਨਾਂ ਦੀਆਂ ਖਾਲੀ ਅੱਖਾਂ ਮੇਰੀ ਕਲਮ ਨੂੰ ਘੂਰ ਰਹੀਆਂ ਹਨ। ਮੇਰੀ ਕਲਮ ਕੰਬ ਰਹੀ ਹੈ। ਦੇਸ਼ ਚੁੱਪ ਹੈ। ਖੁਦਾਇਐ ਆਪਣੇ ਬੰਦੇ ਨੂੰ ਸੁਰੱਖਿਅਤ ਕਰ। ਦੁਨੀਆਂ ਦੇ ਹਰ ਦੇਸ਼ 'ਚ ਹਰ ਖਿੱਤੇ 'ਚ ਬੰਦਾ ਮਰ ਰਿਹਾ ਹੈ।

ਕਮਰੇ ਦੀ ਸਕਰੀਨ 'ਤੇ ਗੈਂਗਸਟਰ ਹਥਿਆਰਾਂ ਨਾਲ ਲੈਸ ਭੱਜ ਰਹੇ ਹਨ। ਫਿਰੌਤੀਆਂ ਧਮਕੀਆਂ ਦਾ ਬਹੁਤ ਸ਼ੋਰ ਹੈ। ਜਿਊਣ ਜੋਗਿਆਂ ਕੋਲੋਂ ਜਿਊਣ ਦੇ ਹੱਕ ਖੋਹੇ ਜਾ ਰਹੇ ਹਨ। ਸੰਗੀਤ ਨੂੰ ਕਤਲ ਕਰ ਦਿੱਤਾ ਗਿਆ....ਸੁਰਾਂ ਚੀਕਾਂ ਬਣ ਕੇ ਕਮਰੇ 'ਚ ਸ਼ੋਰ ਪੈਦਾ ਕਰ ਰਹੀਆਂ ਹਨ। ਏਨਾ ਰੌਲਾ ਕਮਰਾ ਕਿਵੇਂ ਸਹਿ ਸਕਦਾ ਹੈ। ਅਸੀਂ ਆਪਣੇ ਬੱਚਿਆਂ ਨੂੰ ਵਿਰਸੇ ਵਿਚ ਹੀ ਦੇ ਰਹੇ ਹਾਂ। ਕਮਰੇ 'ਚ ਇਰਾਨੀਆਂ ਦੀਆਂ ਲਾਸ਼ਾਂ ਪਈਆਂ ਨੇ ਜਿੰਨ੍ਹਾਂ ਨੂੰ ਫਾਹੇ ਲਾ ਦਿੱਤਾ ਗਿਆ। ਉਫ ! ਕਮਰਾ ਕਿੱਥੇ ਜਾਵੇ ?

## ਸਾਹਿਤਕ ਐਵਾਰਡ ਇਲਜ਼ਾਮਾਂ ਦੇ ਘੇਰੇ 'ਚ ਕਿਉਂ ?

ਚਾਹੇ ਉਹ ਇਨਾਮ ਭਾਸ਼ਾ ਵਿਭਾਗ ਦਾ ਹੋਵੇ, ਚਾਹੇ ਸਾਹਿਤ ਅਕਾਦਮੀ ਦਾ ਜਾਂ ਫਿਰ ਵਕਾਰੀ ਸਮਝਿਆ ਜਾਂਦਾ ਵੱਡੇ ਕਾਰੋਬਾਰੀਆਂ ਵਲੋਂ ਲਹਿੰਦੇ-ਚੜ੍ਹਦੇ ਪੰਜਾਬ ਦੇ ਲੇਖਕਾਂ ਨੂੰ ਦਿੱਤਾ ਜਾਂਦਾ 'ਢਾਹਾਂ ਐਵਾਰਡ'। ਵਿਸ਼ਵ ਵਿਚ ਕਿਸੇ ਵੀ ਭਾਸ਼ਾ ਦੇ ਨਾਵਲ, ਪੱਤਰਕਾਰੀ, ਸੰਗੀਤ, ਕਵਿਤਾ, ਫ਼ਿਲਮ ਨੂੰ ਇਨਾਮ ਲਈ ਚੁਣਨਾ ਲੇਖਕ ਲਈ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਅਜਿਹਾ ਹੋਣ ਨਾਲ ਚੰਗੇ ਸਾਹਿਤ ਦੀ ਪਛਾਣ ਵੀ ਹੁੰਦੀ ਹੈ ਤੇ ਪਾਠਕਾਂ ਦਾ ਉਤਸ਼ਾਹ ਵੀ ਬਣਿਆ ਰਹਿੰਦਾ ਹੈ। ਪਰ ਜੇ ਅਸੀਂ ਉਕਤ ਤਿੰਨਾਂ ਤੇ ਕੁਝ ਹੋਰ ਛੋਟੇ-ਵੱਡੇ ਐਵਾਰਡਾਂ ਦੀ ਗੱਲ ਕਰੀਏ ਤਾਂ ਅਕਸਰ ਇਹ ਸੁਨਣ ਨੂੰ ਮਿਲਦਾ ਹੈ ਕਿ ਇਨਾਮ ਦਿੱਤੇ ਨਹੀਂ ਲਏ ਜਾਂਦੇ ਹਨ। ਕੁਝ ਨਾਮਵਰ ਲੇਖਕਾਂ ਨੂੰ ਛੱਡ ਕੇ ਸ਼ਾਇਦ ਹੀ ਕੋਈ ਅਜਿਹਾ ਨਾਮ ਹੋਵੇ ਜਿਸ ਦੇ ਐਲਾਨ ਤੋਂ ਬਾਅਦ ਵਿਵਾਦ ਨਾ ਛਿੜਿਆ ਹੋਵੇ। ਪੰਜਾਬੀ ਲੇਖਕ, ਪਾਠਕ, ਬੁੱਧੀਜੀਵੀ ਘੁਸਰ-ਮੁਸਰ ਕਰਕੇ, ਸੋਸ਼ਲ ਮੀਡੀਆ ਤੇ ਰੌਲਾ ਤੇ ਗੁੱਸਾ ਕੱਢ ਕੇ ਅਗਲੇ ਇਨਾਮ ਦੇ ਐਲਾਨ ਤੱਕ ਚੁੱਪ ਕਰ ਜਾਂਦੇ ਹਨ ਪਰ ਇਸ ਸਾਰੇ ਵਰਤਾਰੇ ਦਾ ਨਾਂ ਤਾਂ ਕੋਈ ਠੋਸ ਹੱਲ ਦੱਸਿਆ ਜਾਂਦਾ ਹੈ, ਏਸੇ ਕਰਕੇ ਇਨਾਮ